# ਕੀਟਨਾਸ਼ਕ ਸੁਰੱਖਿਆ ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

A No. 5

## ਫਾਰਮਾਂ ਤੇ ਕੀਟਨਾਸ਼ਕਾਂ ਨੂੰ ਸਾਹ ਰਾਹੀਂ ਆਪਣੇ ਅੰਦਰ ਜਾਣ ਤੋਂ ਰੋਕਣਾ ਅਤੇ ਆਪਣੇ ਆਪ ਨੂੰ ਸੁਰੱਖਿਅਤ ਰੱਖਣਾ

**ਕੀਟਨਾਸ਼ਕਾਂ ਦਾ ਛਿੜਕਾਅ ਕਈ ਵਾਰ ਹਵਾ ਵਿੱਚ ਹੀ ਰਹਿ ਜਾਂਦਾ ਹੈ, ਜਿਸ ਵਿੱਚ ਤੁਸੀਂ ਸਾਹ ਲੈਂਦੇ ਹੋ।** ਕੀਟਨਾਸ਼ਕਾਂ ਨੂੰ ਅੰਦਰ ਜਾਣ ਤੋਂ ਰੋਕਣ ਲਈ ਸਭ ਤੋਂ ਵਧੀਆ ਤਰੀਕਾ ਇਕ ਸੁਰੱਖਿਅਤ ਮੁਖੌਟਾ ਜਿਸ ਨੂੰ ਰੈਸਪੀਰੇਟਰ ਕਹਿੰਦੇ ਹਨ, ਪਾ ਲੈਣਾ ਹੈ।



### ਮੈਂ ਇਕ ਰੈਸਪੀਰੇਟਰ ਕਦੋਂ ਪਾਵਾਂ ?

ਤੁਹਾਨੂੰ ਰੈਸਪੀਰੇਟਰ ਕੀਟਨਾਸ਼ਕ ਦੇ ਲੇਬਲ ਦੀ ਹਿਦਾਇਤ ਮੁਤਾਬਿਕ ਹੀ ਪਾਣਾ ਚਾਹੀਦਾ ਹੈ। ਜੇ ਲੇਬਲ ਤੇ ਲਿਖਿਆ ਹੋਇਆ ਹੈ, "ਧੂੜ ਜਾਂ ਧੁੰਦ ਵਿੱਚ ਸਾਹ ਲੈਣ ਤੋਂ ਬਚੋ", ਤਾਂ ਤੁਹਾਨੂੰ ਰੈਸਪੀਰੇਟਰ ਪਾਣ ਦੀ ਜ਼ਰੂਰਤ ਪੈ ਸਕਦੀ ਹੈ।

ਤੁਹਾਡੇ ਮਾਲਿਕ ਵਲੋਂ ਤੁਹਾਨੂੰ ਰੈਸਪੀਰੇਟਰ ਮੁਫ਼ਤ ਦਿੱਤਾ ਜਾਣਾ ਚਾਹੀਦਾ ਹੈ ਅਤੇ ਤੁਹਾਡਾ ਇਸਨੂੰ ਪਾਣਾ ਜ਼ਰੂਰੀ ਹੈ।

### ਕੀ ਕੋਈ ਵੀ ਰੈਸਪੀਰੇਟਰ ਇਸਤੇਮਾਲ ਕਰ ਸਕਦਾ ਹੈ ?

ਇਕ ਰੈਸਪੀਰੇਟਰ ਰਾਹੀਂ ਸਾਹ ਲੈਣਾ ਕਈ ਲੋਕਾਂ ਲਈ ਬਹੁਤ ਮੁਸ਼ਕਲ ਹੁੰਦਾ ਹੈ। ਜਿਵੇਂ ਕਿ ਉਹ ਲੋਕ ਜਿਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ, ਦਿਲ ਜਾਂ ਫੇਫੜਿਆਂ ਦੀ ਬੀਮਾਰੀ ਹੋਵੇ, ਉਹ ਸ਼ਾਇਦ ਇਕ ਰੈਸਪੀਰੇਟਰ ਨੂੰ ਸੁਰੱਖਿਅਤ ਤਰੀਕੇ ਨਾਲ ਇਸਦਾ ਇਸਤੇਮਾਲ ਨਾ ਕਰ ਸਕਦੇ ਹੋਣ। ਜੇ ਤੁਸੀਂ ਕਿਸੇ ਕੀਟਨਾਸ਼ਕ ਨਾਲ ਕੰਮ ਕਰ ਰਹੇ ਹੋ, ਅਤੇ ਤੁਹਾਨੂੰ ਰੈਸਪੀਰੇਟਰ ਪਾਣਾ ਜ਼ਰੂਰੀ ਹੈ, ਤਾਂ ਇਸਤੋਂ ਪਹਿਲਾਂ ਕਿ ਤੁਸੀਂ ਰੈਸਪੀਰੇਟਰ ਇਸਤੇਮਾਲ ਕਰੋ, ਤੁਹਾਡੇ ਮਾਲਿਕ ਨੂੰ ਇਕ ਡਾਕਟਰ ਤੋਂ ਇਜ਼ਾਜ਼ਤ ਲੈ ਲੈਣੀ ਜ਼ਰੂਰੀ ਹੈ। ਡਾਕਟਰ ਤੁਹਾਡਾ ਮੁਆਇਨਾ ਵੀ ਕਰ ਸਕਦਾ ਹੈ ਜਾਂ ਇਕ ਪ੍ਰਸ਼ਨਾਵਲੀ, ਜਿਸਨੂੰ ਤੁਹਾਡਾ ਮਾਲਿਕ ਤੁਹਾਡੇ ਕੋਲੋਂ ਭਰਵਾਏਗਾ, ਉਸਦਾ ਰੀਵੀਊ ਕਰ ਸਕਦਾ ਹੈ। ਡਾਕਟਰ ਨੂੰ ਤੁਹਾਡੇ ਮਾਲਿਕ ਨੂੰ ਰਿਪੋਰਟ (ਅਤੇ ਇਕ ਕਾਪੀ ਤੁਹਾਨੂੰ ਵੀ) ਦੇਣੀ ਪਏਗੀ ਕਿ ਤੁਹਾਡੇ ਲਈ ਇਕ ਰੈਸਪੀਰੇਟਰ ਪਾਣਾ ਸੁਰੱਖਿਅਤ ਹੈ ਕਿ ਨਹੀਂ ਇਸਤੋਂ ਪਹਿਲਾਂ ਤੁਸੀਂ ਰੈਸਪੀਰੇਟਰ ਇਸਤੇਮਾਲ ਨਹੀਂ ਕਰ ਸਕਦੇ ਅਤੇ ਤੁਹਾਡੇ ਮਾਲਿਕ ਨੂੰ ਡਾਕਟਰ ਦੇ ਲਿਖਤੀ ਆਦੇਸ਼ ਮੰਨਣੇ ਜ਼ਰੂਰੀ ਹਨ।

### ਜੇ ਮੇਰੀਆਂ ਮੁਛਾਂ ਜਾਂ ਦਾੜ੍ਹੀ ਹੈ ਤਾਂ ਕੀ ਮੈਂ ਰੈਸਪੀਰੇਟਰ ਪਾ ਸਕਦਾ ਹੈ ?

ਜੇ ਤੁਹਾਡੀ ਦਾੜ੍ਹੀ, ਸੰਘਣੀਆਂ ਮੁਛਾਂ, ਜਾਂ ਲੰਮੇ ਕਤਰੇ ਹੋਏ ਗਲਮੁਛੇ ਹਨ, ਤਾਂ ਆਮ ਰੈਸਪੀਰੇਟਰ ਤੁਹਾਡੀ ਸੁਰੱਖਿਆ ਨਹੀਂ ਕਰੇਗਾ ਕਿਉਂਕਿ ਦਾੜ੍ਹੀ, ਮੁਛਾਂ ਜਾਂ ਕਤਰੇ ਹੋਏ ਗਲਮੁਛੇ ਤੁਹਾਡੇ ਚਿਹਰੇ ਤੇ ਰੈਸਪੀਰੇਟਰ ਨੂੰ ਕਸਕੇ ਪੂਰੀ ਤਰ੍ਹਾਂ ਬੰਦ ਨਹੀਂ ਹੋਣ ਦੇਣਗੇ ਜਦੋਂ ਮੁਖੌਟਾ ਚਿਹਰੇ ਨੂੰ ਛੂੰਹਦਾ ਹੈ ਤਾਂ ਤੁਹਾਡੇ ਚਿਹਰੇ ਤੇ ਵਾਲ ਨਹੀਂ ਹੋਣੇ ਚਾਹੀਦੇ।

**ਤੁਹਾਨੂੰ ਰੈਸਪੀਰੇਟਰ ਹਮੇਸ਼ਾ ਕੀਟਨਾਸ਼ਕ ਦੇ ਲੇਬਲ ਦੀ ਹਿਦਾਇਤ ਮੁਤਾਬਿਕ ਹੀ ਪਾਣਾ ਚਾਹੀਦਾ ਹੈ।**

ਜੇ ਤੁਹਾਡੇ ਮਾਲਿਕ ਕੋਲ ਉਹ ਵਿਸ਼ੇਸ਼ ਰੈਸਪੀਰੇਟਰ ਨਹੀਂ ਜੋ ਤੁਹਾਡੇ ਚਿਹਰੇ ਤੇ ਕਸਕੇ ਆ ਜਾਏ ਤਾਂ ਤੁਸੀਂ ਕੰਮ ਨਹੀਂ ਕਰ ਸਕਦੇ।

## ਮੈਨੂੰ ਕਿਸ ਟਰੇਨਿੰਗ ਦੀ ਜ਼ਰੂਰਤ ਹੈ ?

ਇਸ ਤੋਂ ਪਹਿਲਾਂ ਕਿ ਤੁਸੀਂ ਪਹਿਲੀ ਵਾਰ ਰੈਸਪੀਰੇਟਰ ਇਸਤੇਮਾਲ ਕਰੋ, ਤੁਹਾਡੀ ਜਾਂਚ ਹੋਣੀ ਚਾਹੀਦੀ ਹੈ ਅਤੇ ਤੁਹਾਨੂੰ ਟਰੇਨਿੰਗ ਮਿਲਣੀ ਚਾਹੀਦੀ ਹੈ ਕਿ ਤੁਸੀਂ ਰੈਸਪੀਰੇਟਰ ਕਦੋਂ ਪਾਣਾ ਹੈ ਅਤੇ ਇਸ ਨੂੰ ਸੁਰੱਖਿਅਤ ਢੰਗ ਨਾਲ ਕਿਸ ਤਰ੍ਹਾਂ ਇਸਤੇਮਾਲ ਕਰਨਾ ਹੈ। ਮੁੜ ਤੁਹਾਨੂੰ ਹਰ ਸਾਲ ਟਰੇਨਿੰਗ ਲੈਣੀ ਪਵੇਗੀ ਅਤੇ ਤੁਹਾਡੀ ਜਾਂਚ ਵੀ ਕੀਤੀ ਜਾਏਗੀ ਕਿ ਤੁਸੀਂ ਇਸਨੂੰ ਸਹੀ ਤਰ੍ਹਾਂ ਇਸਤੇਮਾਲ ਕਰ ਰਹੇ ਹੋ ਕਿ ਨਹੀਂ। ਤੁਹਾਨੂੰ ਇਹ ਵੀ ਦੱਸਿਆ ਜਾਣਾ ਜ਼ਰੂਰੀ ਹੈ ਕਿ ਰੈਸਪੀਰੇਟਰ ਜਿਹੜੀਆਂ ਚੀਜ਼ਾਂ ਤੋ ਤੁਹਾਡੀ ਸੁਰੱਖਿਆ ਨਹੀਂ ਕਰ ਸਕਦਾ ਅਤੇ ਕਿਨ੍ਹਾਂ ਤੋਂ ਕਰ ਸਕਦਾ ਹੈ।



## ਮੈਂ ਸਹੀ ਰੈਸਪੀਰੇਟਰ ਕਿਸ ਤਰ੍ਹਾਂ ਲੈ ਸਕਦਾ ਹਾਂ ?

ਵੱਖ-ਵੱਖ ਕਿਸਮਾਂ ਦੇ ਰੈਸਪੀਰੇਟਰ ਹੁੰਦੇ ਹਨ, ਜੋ ਤੁਹਾਨੂੰ ਵੱਖ-ਵੱਖ ਖ਼ਤਰਿਆਂ ਤੋਂ ਸੁਰੱਖਿਅਤ ਰੱਖਣਗੇ। ਕੀਟਨਾਸ਼ਕ ਤੇ ਲਗਿਆ ਲੇਬਲ ਜਾਂ ਤੁਹਾਡਾ ਮਾਲਿਕ ਤੁਹਾਨੂੰ ਦੱਸ ਦੇਣਗੇ ਕਿ ਤੁਸੀਂ ਕਿਹੋ ਜਿਹਾ ਰੈਸਪੀਰੇਟਰ ਇਸਤੇਮਾਲ ਕਰਨਾ ਹੈ। ਮਿਸਾਲ ਦੇ ਤੌਰ ਤੇ, ਕਈ ਕੀਟਨਾਸ਼ਕ ਭਾਫ਼ ਵਿੱਚ ਬਦਲ ਜਾਂਦੇ ਹਨ, ਉਨ੍ਹਾਂ ਲਈ ਤੁਹਾਨੂੰ ਅੱਗੇ ਚਿਹਰੇ ਦੀ ਸੁਰੱਖਿਆ ਵਾਲਾ, ਜਿਸ ਤੇ ਵਿਸ਼ੇਸ਼ ਫਿਲਟਰ ਲਗੇ ਹੁੰਦੇ ਹਨ (ਕਾਰਟਰਿੱਜਸ) ਅਤੇ ਜੋ ਤੁਹਾਡੇ ਫੇਫੜਿਆਂ ਦੀ ਸੁਰੱਖਿਆ ਕਰਦੇ ਹਨ, ਪਾਣ ਦੀ ਜ਼ਰੂਰਤ ਹੈ। ਕਈ ਵਾਰ ਤੁਹਾਨੂੰ ਸਿਰਫ਼ ਇਕ ਫਿਲਟਰਿੰਗ ਫੇਸਪੀਸ ਮੁਖੌਟੇ ਦੀ ਜ਼ਰੂਰਤ ਹੁੰਦੀ ਹੈ।

ਰੈਸਪੀਰੇਟਰ ਵੱਖਰੇ-ਵੱਖਰੇ ਸਾਈਜ਼ਾਂ ਵਿੱਚ ਆਉਂਦੇ ਹਨ। ਇਹ ਬਹੁਤੇ ਅਹਿਮ ਹੈ ਕਿ ਰੈਸਪੀਰੇਟਰ ਤੁਹਾਡੇ ਚਿਹਰੇ ਤੇ ਪੂਰੀ ਤਰ੍ਹਾਂ ਫਿਟ ਹੋਏ। ਤੁਹਾਨੂੰ ਇਸ ਗਲ ਦੀ ਟਰੇਨਿੰਗ ਹੋਣੀ ਜ਼ਰੂਰੀ ਹੈ ਕਿ ਤੁਸੀਂ ਇਸ ਗੱਲ ਦੀ ਜਾਂਚ ਕਿਸ ਤਰ੍ਹਾਂ ਕਰਨੀ ਹੈ ਕਿ ਤੁਹਾਡਾ ਰੈਸਪੀਰੇਟਰ ਤੁਹਾਡੇ ਚਿਹਰੇ ਤੇ ਪੂਰੀ ਤਰ੍ਹਾਂ ਫਿਟ ਹੈ ਕਿ ਨਹੀਂ। ਤੁਹਾਡੇ ਮਾਲਿਕ ਨੂੰ ਜਾਂ ਜਿਸਨੂੰ ਉਹ ਮਹਿਨਤਾਨੇ ਤੇ ਲੈਂਦਾ ਹੈ, ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਰੈਸਪੀਰੇਟਰ ਤੁਹਾਡੇ ਚਿਹਰੇ ਤੇ ਪੂਰੀ ਤਰ੍ਹਾਂ ਫਿਟ ਹੋਵੇ। ਇਹ ਟਰੇਨਿੰਗ ਉਦੋਂ ਤੀਕ ਹਰ ਸਾਲ ਹੋਣੀ ਚਾਹੀਦੀ ਹੈ ਜਦੋਂ ਤੁਸੀਂ ਰੈਸਪੀਰੇਟਰ ਇਸਤੇਮਾਲ ਕਰਨਾ ਹੈ। ਇਸ ਜਾਂਚ ਲਈ ਕਿ ਰੈਸਪੀਰੇਟਰ ਚਿਹਰੇ ਤੇ ਸਹੀ ਤਰ੍ਹਾਂ ਫਿਟ ਹੈ, ਇਸ ਨੂੰ ਉਸ ਜਗਹ ਤੇ ਪਹਿਨੋ, ਜਿੱਥੇ ਕੋਈ ਕੀਟਨਾਸ਼ਕ ਨਾ ਹੋਣ।

ਜੋ ਰੈਸਪੀਰੇਟਰ ਤੁਸੀਂ ਪਾਂਦੇ ਹੋ, ਉਸ ਤੇ ਕਿਧਰੇ "NIOSH" ਸ਼ਬਦ ਜ਼ਰੂਰ ਲਿਖੇ ਹੋਣੇ ਚਾਹੀਦੇ ਹਨ, ਜੋ ਇਹ ਦੱਸਦੇ ਹਨ ਕਿ ਇਹ ਮੰਜ਼ੂਰਸ਼ੁਦਾ ਮੁਖੌਟਾ ਹੈ। NIOSH ਦਾ ਮਤਲਬ ਹੈ, ਵਿਵਸਾਇਕ ਅਤੇ ਸਿਹਤ ਦੀ ਸੁਰੱਖਿਆ ਲਈ ਰਾਸ਼ਟਰੀ ਸੰਸਥਾ (National Institute for Occupational Safety and Health)।

## ਮੈਂ ਇਹ ਕਿਸ ਤਰ੍ਹਾਂ ਦੱਸ ਸਕਦਾ ਹਾਂ ਕਿ ਮੇਰਾ ਰੈਸਪੀਰੇਟਰ ਸਹੀ ਤਰ੍ਹਾਂ ਕੰਮ ਕਰ ਰਿਹਾ ਹੈ ?

ਰੈਸਪੀਰੇਟਰ ਅਸਲ ਵਿੱਚ "ਹਵਾ ਸਾਫ਼" ਹੀ ਨਹੀਂ ਕਰਦੇ। ਉਹ ਸਭ ਤੋਂ ਵੱਧ ਨੁਕਸਾਨਦਾਇਕ ਰਸਾਇਣ ਨੂੰ ਤੁਹਾਡੇ ਫੇਫੜਿਆਂ ਵਿੱਚ ਜਾਣ ਤੋਂ ਰੋਕਦੇ ਹਨ। ਇਹ ਕੰਮ ਉਹ ਵਿਸ਼ੇਸ਼ ਫਿਲਟਰ ਰਾਹੀਂ ਕਰਦੇ ਹਨ। ਯਕੀਨੀ ਕਰੋ ਕਿ ਜਿਹੜਾ ਕੀਟਨਾਸ਼ਕ ਤੁਸੀਂ ਇਸਤੇਮਾਲ ਕਰ ਰਹੇ ਹੋ, ਇਸਦੇ ਫਿਲਟਰ ਉਸ ਲਈ ਸਹੀ ਹਨ। ਫਿਲਟਰ ਕੁਝ ਸਮੇਂ ਬਾਅਦ ਕੰਮ ਕਰਨਾ ਬੰਦ ਕਰ ਦੇਂਦੇ ਹਨ ਅਤੇ ਉਸ ਸਮੇਂ ਕੀਟਨਾਸ਼ਕ ਉਨ੍ਹਾਂ ਰਾਹੀਂ ਤੁਹਾਡੇ ਸਾਹ ਨਾਲ ਅੰਦਰ ਚਲਾ ਜਾਏਗਾ। ਜੇ ਤੁਸੀਂ ਕੁਝ ਸੁੰਘੋ, ਅਜੀਬ ਜਿਹਾ ਸੁਆਦ ਮਹਿਸੂਸ ਕਰੋ, ਤੁਹਾਡੀਆਂ ਅੱਖਾਂ ਤੇ ਗਲੇ ਵਿਚ ਜਲਣ ਹੋ ਰਹੀ ਹੋਵੇ ਅਤੇ ਸਾਹ ਲੈਣ ਵਿੱਚ ਮੁਸ਼ਕਲ ਹੋ ਰਿਹਾ ਹੋਵੇ, ਤਾਂ **ਫੌਰਨ** ਇਕ ਸੁਰੱਖਿਅਤ ਜਗਹ ਤੇ ਜਾਉ ਜਿੱਥੇ ਕੋਈ ਕੀਟਨਾਸ਼ਕ ਨਾ ਹੋਵੇ, ਫਿਰ ਆਪਣਾ ਰੈਸਪੀਰੇਟਰ ਉਤਾਰ ਕੇ ਵੇਖੋ ਕੀ ਇਸ ਵਿੱਚ ਕੋਈ ਤਰੇੜਾਂ ਆਈਆਂ ਹਨ ਜਾਂ ਕੀ ਇਹ ਫੱਟ ਗਿਆ ਹੈ, ਜਾਂ ਪੁਰਾਣਾ ਜਾਂ ਗੰਦਾ ਹੋ ਗਿਆ ਹੈ ?  ਜੇ ਅਜਿਹੀ ਕੋਈ ਸਮੱਸਿਆ ਤੁਹਾਨੂੰ ਨਜ਼ਰ ਨਾ ਆਏ, ਤਾਂ ਸ਼ਾਇਦ ਤੁਹਾਨੂੰ ਫਿਲਟਰਾਂ ਨੂੰ ਬਦਲਣ ਦੀ ਜ਼ਰੂਰਤ ਹੋ ਸਕਦੀ ਹੈ।

ਕਿਉਂਕਿ ਬਹੁਤੇ ਕੀਟਨਾਸ਼ਕਾਂ ਦੀ ਕੋਈ ਮੁਸ਼ਕ ਨਹੀਂ ਹੁੰਦੀ ਜਾਂ ਜਲਣ ਪੈਦਾ ਨਹੀਂ ਹੁੰਦੀ, ਤੁਹਾਡੇ ਮਾਲਿਕ ਨੂੰ ਫਿਲਟਰਾਂ ਨੂੰ ਅਕਸਰ ਬਦਲਦੇ ਰਹਿਣਾ ਚਾਹੀਦਾ ਹੈ।

ਸੁਰੱਖਿਆ ਗੁਰ

**5**

ਜੇ ਕੰਮ ਤੇ ਕੋਈ ਬੀਮਾਰ ਜਾਂ ਜ਼ਖ਼ਮੀ ਹੋ ਜਾਂਦਾ ਹੈ ਤਾਂ **ਹਮੇਸ਼ਾਂ** ਕਿਸਾਨ/ਜ਼ਿੰਮੀਦਾਰ ਜਾਂ ਆਪਣੇ ਫੋਰਮੈਨ ਨੂੰ ਦੱਸੋ।

## ਫਿਲਟਰ ਬਦਲਣੇ ਜ਼ਰੂਰੀ ਹਨ:

1. ਜਦੋਂ ਕੀਟਨਾਸ਼ਕ ਲੇਬਲ ਤੇ ਦਿੱਤੀਆਂ ਹਿਦਾਇਤਾਂ ਵਿੱਚ ਕਿਹਾ ਗਿਆ ਹੋਵੇ।
2. ਜਦੋਂ ਰੈਸਪੀਰੇਟਰ ਬਣਾਉਣ ਵਾਲਾ ਕਹਿੰਦਾ ਹੈ ਕਿ ਇਹ ਬਦਲਣਾ ਚਾਹੀਦਾ ਹੈ।
3. ਜੇ ਤੁਹਾਨੂੰ ਕੋਈ ਮੁਸ਼ਕ, ਸੁਆਦ, ਜਾਂ ਜਲਨ ਮਹਿਸੂਸ ਹੋਵੇ।
4. ਹਰ ਰੋਜ਼ ਦਾ ਕੰਮ ਖ਼ਤਮ ਹੋਣ ਤੇ।

ਉਸ ਨਿਯਮ ਤੇ ਅਮਲ ਕਰੋ ਜਿਸ ਵਿੱਚ ਫਿਲਟਰਾਂ ਨੂੰ ਜਲਦੀ ਬਦਲਣ ਲਈ ਕਿਹਾ ਗਿਆ ਹੈ।

## ਰੈਸਪੀਰੇਟਰ ਦੀ ਦੇਖਭਾਲ ਕੌਣ ਕਰਦਾ ਹੈ ?

ਰੈਸਪੀਰੇਟਰਾਂ ਦੀ ਬਾਕਾਇਦਾ ਸਫ਼ਾਈ ਅਤੇ ਜਾਂਚ ਕਿਸੇ ਅਜਿਹੇ ਵਿਅਕਤੀ ਵਲੋਂ ਹੋਣੀ ਚਾਹੀਦੀ ਹੈ ਜੋ ਇਸ ਕੰਮ ਲਈ ਸਿੱਖਿਅਤ ਹੈ। ਕਿਸੇ ਹੋਰ ਦਾ ਰੈਸਪੀਰੇਟਰ ਕਦੀ ਇਸਤੇਮਾਲ ਨਾ ਕਰੋ। ਹਰ ਵਰਕਰ ਕੋਲ ਆਪਣਾ ਵੱਖਰਾ ਰੈਸਪੀਰੇਟਰ ਹੋਣਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਅਜਿਹੇ ਰੈਸਪੀਰੇਟਰ ਇਸਤੇਮਾਲ ਕਰਨੇ ਚਾਹੀਦੇ ਹਨ, ਜੋ ਇਕੋ ਵਾਰੀ ਇਸਤੇਮਾਲ ਬਾਅਦ ਸੁੱਟ ਦਿੱਤੇ ਜਾਂਦੇ ਹਨ।

ਜਦੋਂ ਰੈਸਪੀਰੇਟਰ ਟੁੱਟ ਜਾਣ ਤੁਹਾਡੇ ਮਾਲਿਕ ਨੂੰ ਉਨ੍ਹਾਂ ਨੂੰ ਸਹੀ ਕਰਵਾਉਣਾ ਚਾਹੀਦਾ ਹੈ। ਜੇ ਉਹ ਠੀਕ ਨਹੀਂ ਹੋ ਸਕਦੇ ਤਾਂ ਤੁਹਾਡੇ ਮਾਲਿਕ ਨੂੰ ਨਵੇਂ ਲੈਣੇ ਚਾਹੀਦੇ ਹਨ।

ਰੈਸਪੀਰੇਟਰ ਅਤੇ ਸਾਰੇ ਸੁਰੱਖਿਆ ਉਪਕਰਣਾਂ ਨੂੰ ਕੀਟਨਾਸ਼ਕਾਂ ਤੋਂ ਦੂਰ ਸਟੋਰ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਧੂੜ, ਧੁੱਪ ਅਤੇ ਵੱਡੇ ਅੰਤਰ ਵਾਲੇ ਤਾਪਮਾਨ ਤੋਂ ਸੁਰੱਖਿਅਤ ਰੱਖਣ ਦੀ ਜ਼ਰੂਰਤ ਹੁੰਦੀ ਹੈ। ਪਾਣੀ ਅਤੇ ਕਈ ਖਾਸ ਰਸਾਇਣ ਵੀ ਫਿਲਟਰਾਂ ਜਾਂ ਕਾਰਟਰਿਜਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਕਈ ਹੋਰ ਰਸਾਇਣ ਮੁਖੌਟੇ ਨੂੰ ਹੀ ਨੁਕਸਾਨ ਪੁਚਾ ਸਕਦੇ ਹਨ। ਰੈਸਪੀਰੇਟਰ ਨੂੰ ਇਸ ਤਰ੍ਹਾਂ ਸਟੋਰ ਕਰੋ ਕਿ ਉਨ੍ਹਾਂ ਦਾ ਮੂੰਹ ਤੇ ਪਾਣ ਵਾਲਾ ਹਿੱਸਾ ਮੁੜੇ ਨਾ। ਸਖ਼ਤ ਪਲਾਸਟਿਕ ਦੇ ਕੰਟੇਨਰ, ਜਿਨ੍ਹਾਂ ਦੇ ਢਕਣਾਂ ਵਿੱਚ ਹਵਾ ਨਹੀਂ ਜਾ ਸਕਦੀ (ਏਅਰ ਟਾਈਟ) ਰੈਸਪੀਰੇਟਰ ਨੂੰ ਸਟੋਰ ਕਰਨ ਲਈ ਸਹੀ ਹਨ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**